# 3

# ਬਾਈਬਲ ਪ੍ਰਤੀ ਸਹੀ ਰਵੱਈਆ

ਮਸੀਹ ਦੀਆਂ ਕਲੀਸੀਆਵਾਂ ਅਤੇ ਡਿਨੋਮੀਨੇਸ਼ਨਾਂ ਦੇ ਸੰਗਠਨਾਂ ਵਿਚ ਕਈ ਫ਼ਰਕ ਸਾਫ਼ ਹਨ। ਇੱਥੇ ਅਸੀਂ ਉਨ੍ਹਾਂ ਸਭ ਭਿੰਨਤਾਵਾਂ ਭਾਵ *ਬਾਈਬਲ ਪ੍ਰਤੀ ਸਾਡੇ ਰਵੱਈਏ* 'ਤੇ ਚਰਚਾ ਨਾ ਕਰਕੇ ਕੁਝ ਬੁਨਿਆਦੀ ਫ਼ਰਕਾਂ 'ਤੇ ਹੀ ਚਰਚਾ ਕਰਾਂਗੇ ਜੋ ਉਨ੍ਹਾਂ ਫ਼ਰਕਾਂ ਦਾ ਕਾਰਣ ਹਨ। ਪਵਿੱਤਰ ਲਿਖਤ ਪ੍ਰਤੀ ਸਹੀ ਰਵੱਈਏ ਦੀ ਗੱਲ ਕਰਦਿਆਂ, ਸਾਨੂੰ ਤਿੰਨ ਗੱਲਾਂ ਧਿਆਨ ਵਿਚ ਰੱਖਣੀਆਂ ਚਾਹੀਦੀਆਂ ਹਨ। ਜਦ ਅਸੀਂ ਬਾਈਬਲ ਦੇ ਮੁਕੰਮਲ ਹੋਣ, ਇਹਦੇ ਅਖ਼ਤਿਆਰ ਅਤੇ ਇਹਦੀ ਸ਼ਕਤੀ ਬਾਰੇ ਜਾਣ ਲਵਾਂਗੇ ਤਾਂ ਸਾਨੂੰ ਖ਼ੁਦਾ ਦੇ ਇਸ ਲਿਖਤ ਮੁਕਾਸ਼ਫ਼ੇ ਦੇ ਅਰਥ ਅਤੇ ਅਹਿਮੀਅਤ ਦੀ ਵੀ ਸਮਝ ਆ ਜਾਵੇਗੀ।

## ਇਹਦੀ ਮੁਕੰਮਲਤਾ

ਬਾਈਬਲ ਮਨੁੱਖ ਲਈ ਪ੍ਰਗਟ ਕੀਤੀ ਗਈ ਖ਼ੁਦਾ ਦੀ ਮੁਕੰਮਲ ਇੱਛਾ ਹੈ। ਖ਼ੁਦਾ ਨੇ ਇਹਦੇ ਰਾਹੀਂ ਗੱਲ ਕੀਤੀ ਅਤੇ ਜਿੱਥੋਂ ਤਕ ਵਾਧੂ ਮੁਕਾਸ਼ਫ਼ੇ ਦੀ ਗੱਲ ਹੈ, ਉਸ ਨੇ ਗੱਲ ਕਰਨੀ ਬੰਦ ਕਰ ਦਿੱਤੀ ਹੈ। ਬਾਈਬਲ ਮੁਕੰਮਲ ਹੈ, ਪਤਮੁਸ ਟਾਪੂ ਤੇ ਜਲਾਵਤਨੀ ਦੌਰਾਨ ਯੂਹੰਨਾ ਨੇ ''ਆਮੀਨ'' ਲਿਖ ਕੇ ਆਪਣੀ ਕਲਮ ਰੱਖ ਦਿੱਤੀ ਕਿ ਮਨੁੱਖ ਲਈ ਖ਼ੁਦਾ ਦਾ ਪੈਗ਼ਾਮ ਪੂਰਾ ਹੋ ਚੁੱਕਾ ਹੈ।

ਇਕ ਸਮਾਂ ਸੀ ਜਦ ਪਵਿੱਤਰ ਲਿਖਤ ਦੀ ਮੁਕੰਮਲਤਾ, ਜਿਵੇਂ ਅਸੀਂ ਇਸ ਸ਼ਬਦ ਦੀ ਵਰਤੋਂ ਕਰ ਰਹੇ ਹਾਂ, ਦੀ ਤਸਦੀਕ ਨਹੀਂ ਹੋ ਸਕਦੀ ਸੀ। ਪੁਰਾਣੇ ਨੇਮ ਦੇ ਸਮੇਂ ਵਿਚ, ਖ਼ੁਦਾ ਆਪਣੀ ਇੱਛਾ ਹੌਲੀ-ਹੌਲੀ ''ਬਿਧ ਤੇ ਬਿਧ, ... ਥੋੜ੍ਹਾ ਇੱਥੇ, ਥੋੜ੍ਹਾ ਉੱਥੇ'' (ਯਸਾਯਾਹ 28:10) ਦੱਸਦਾ ਸੀ।

ਪੁਰਾਣੇ ਨੇਮ ਦੇ ਪੂਰਾ ਹੋਣ 'ਤੇ ਵੀ ਖ਼ੁਦਾ ਦਾ ਮੁਕਾਸ਼ਫ਼ਾ ਪੂਰਾ ਨਹੀਂ ਹੋਇਆ ਸੀ। ਯਿਸੂ ਆਇਆ ਅਤੇ ਆਪਣੇ ਪਿਤਾ ਦੀ ਇੱਛਾ ਪ੍ਰਗਟ ਕਰਦਾ ਰਿਹਾ। ਉਹਨੇ ਬਹੁਤ ਸਾਰੀਆਂ ਸਿੱਖਿਆਵਾਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜੋ ਪਹਿਲਾਂ ਨਹੀਂ ਦਿੱਤੀਆਂ ਗਈਆਂ ਸਨ। ''ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ... ਪਰ ਮੈਂ ਤੁਹਾਨੂੰ ਆਖਦਾ ਹਾਂ'' ਵਾਕ ਪ੍ਰਭੂ ਦੇ ਪਹਾੜੀ ਉਪਦੇਸ਼ ਵਿਚ ਬਾਰ-ਬਾਰ ਆਇਆ ਹੈ।

ਧਰਤੀ 'ਤੇ ਆਪਣੀ ਸੇਵਕਾਈ ਦੇ ਅਖ਼ੀਰ ਵਿਚ ਯਿਸੂ ਨੇ ਕਿਹਾ ਸੀ, ''ਅਜੇ ਮੈਂ ਤੁਹਾਡੇ ਨਾਲ ਬਹੁਤੀਆਂ ਗੱਲਾਂ ਕਰਨੀਆਂ ਹਨ ਪਰ ਹੁਣੇ ਤੁਸੀਂ ਸਹਾਰ ਨਹੀਂ ਸਕਦੇ'' (ਯੂਹੰਨਾ 16:12)। ਅਜੇ ਵੀ ਕੁਝ ਗੱਲਾਂ ਕਹਿਣੀਆਂ ਰਹਿ ਗਈਆਂ ਸਨ। ਉਸ ਵਕਤ ਤਕ ਖ਼ੁਦਾ ਦਾ

ਮੁਕਾਸ਼ਫ਼ਾ ਪੂਰਾ ਨਹੀਂ ਹੋਇਆ ਸੀ। ਫਿਰ ਵੀ, ਯਿਸੂ ਦੀ ਅਗਲੀ ਗੱਲ 'ਤੇ ਧਿਆਨ ਦਿਓ, ''ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਆਡੀ ਅਗਵਾਈ ਕਰੇਗਾ'' (ਯੂਹੰਨਾ 16:13) । ਇਹ ਇਕ ਵਾਅਦਾ ਹੈ ਕਿ ਮੁਕਾਸ਼ਫ਼ਾ ਰਸੂਲਾਂ ਦੇ ਵਕਤ ਮੁਕੰਮਲ ਹੋ ਜਾਣਾ ਸੀ। ਆਤਮਾ ਨੇ ਆ ਕੇ ਉਨ੍ਹਾਂ ਨੂੰ ''ਸਾਰੀ'' (ਕੁਝ ''ਹਿੱਸਾ'' ਨਹੀਂ) ਸਚਿਆਈ ਵਿਚ ਅਗਵਾਈ ਦੇਣੀ ਸੀ।

ਅਸਲ ਵਿਚ ਬਾਅਦ 'ਚ ਆਤਮਾ ਰਸੂਲਾਂ ਉੱਤੇ ਉੱਤਰਿਆ (ਰਸੂਲਾਂ ਦੇ ਕੰਮ 2:4)। ਭਲਾ ਉਹਨੇ ਸਾਰੀ ਸਚਿਆਈ ਵਿਚ ਉਨ੍ਹਾਂ ਦੀ ਅਗਵਾਈ ਕੀਤੀ? ਯਿਸੂ ਨੇ ਕਿਹਾ ਸੀ ਕਿ ਉਹ ਉਨ੍ਹਾਂ ਦੀ ਅਗਵਾਈ ਕਰੇਗਾ। ਭਲਾ ਉਹਨੇ ਉਨ੍ਹਾਂ ਦੀ ਅਗਵਾਈ ਕੀਤੀ? ਜੇ ਯਿਸੂ ਨੇ ਆਪਣਾ ਕੀਤਾ ਵਾਅਦਾ ਨਿਭਾਇਆ ਤਾਂ ਆਤਮਾ ਨੇ ਉਨ੍ਹਾਂ ਦੀ ਅਗਵਾਈ ਜ਼ਰੂਰ ਕੀਤੀ। ਇਹੀ ਵਜ੍ਹਾ ਹੈ ਕਿ ਬਾਅਦ ਵਿਚ ਪਤਰਸ ਨੇ ਕਿਹਾ ਕਿ ''ਉਹ ਦੀ ਈਸ਼ੁਰੀ ਸਮਰੱਥਾ ਨੇ ਸੱਭੋ ਕੁਝ ਜੋ ਮਸੀਹ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ... ਦਿੱਤਾ ਹੈ'' (2 ਪਤਰਸ 1:3)। ਯਾਕੂਬ ਨੇ ''ਅਜ਼ਾਦੀ ਦੀ ਸ਼ਰ੍ਹਾ'' (ਯਾਕੂਬ 1:25) ਦੀ ਗੱਲ ਕੀਤੀ ਹੈ। ਪੌਲੁਸ ਨੇ ਹਰ ਉਸ ਸ਼ਖ਼ਸ 'ਤੇ ਸਰਾਪ ਦਾ ਐਲਾਨ ਕੀਤਾ ਜੋ ਉਸ ਖ਼ੁਸ਼ਖ਼ਬਰੀ ਨੂੰ ਛੱਡ ਕੇ ਜਿਹਦਾ ਪ੍ਰਚਾਰ ਪੌਲੁਸ ਨੇ ਕੀਤਾ ਸੀ, ਕਿਸੇ ਹੋਰ ਦਾ ਪ੍ਰਚਾਰ ਕਰਨ ਦੀ ਹਿੰਮਤ ਕਰਦਾ ਹੈ (ਗਲਾਤੀਆਂ 1:8, 9)।

ਹਾਂ, ਰਸੂਲਾਂ ਨੂੰ ਸਾਰੀ ਸੱਚਾਈ ਵਿਚ ਅਗਵਾਈ ਮਿਲਣੀ ਸੀ। ਯਿਸੂ ਨੇ ਆਪਣਾ ਵਾਅਦਾ ਪੂਰਾ ਕੀਤਾ। ਖ਼ੁਦਾ ਦਾ ਮੁਕਾਸ਼ਫ਼ਾ ਪੂਰਾ ਹੋ ਗਿਆ ਸੀ। ਇਸ ਤੱਥ ਦਾ ਸਾਬਤ ਹੋਣਾ ਇਹ ਵਿਖਾਉਂਦਾ ਹੈ ਕਿ ਉਹਦੇ ਬਾਅਦ ਮੁਕਾਸ਼ਫ਼ਾ ਨਹੀਂ ਮਿਲਿਆ। ਇਹ ਅੱਜ ਦੇ ਕਥਿਤ ''ਨਬੀਆਂ'' ਦੇ ਦਾਅਵਿਆਂ ਨੂੰ ਝੂਠਾ ਠਹਿਰਾਉਂਦਾ ਹੈ।

## ਇਹਦਾ ਅਖਤਿਆਰ

''ਅਖ਼ਤਿਆਰ ਲਈ ਅਸੀਂ ਕਿਹਦੇ ਕੋਲ ਜਾਈਏ?'' ਇਹ ਸਵਾਲ ਧਾਰਮਿਕ ਜਗਤ ਵਿਚ ਬੜੀ ਦੇਰ ਤੋਂ ਚਰਚਾ ਦਾ ਵਿਸ਼ਾ ਰਿਹਾ ਹੈ। ਕਈ ਜਵਾਬ ਦਿੱਤੇ ਜਾ ਚੁੱਕੇ ਹਨ, ਅਤੇ ਬਹੁਤ ਸਾਰੇ ਦਾਅਵੇ ਹੋ ਚੁੱਕੇ ਹਨ। ਕਈ ਸਾਨੂੰ ਬੰਦਗੀ ਵਿਚ ਜਾਣ ਲਈ ਕਹਿੰਦੇ ਹਨ, ਪਰ ਬਾਈਬਲ ਕਿਤੇ ਵੀ ਇਹ ਸਿੱਖਿਆ ਨਹੀਂ ਦਿੰਦੀ। ਹੋਰ ਆਖਦੇ ਹਨ ਕਿ ਹਰ ਕਿਸੇ ਨੂੰ ਆਪਣੇ ਮੰਨ ਦੀ ਗੱਲ ਮੰਨਣੀ ਚਾਹੀਦੀ ਹੈ। ਬਾਈਬਲ ਇਹ ਸਿੱਖਿਆ ਵੀ ਨਹੀਂ ਦਿੰਦੀ ਹੈ। ਇਹਦੇ ਉਲਟ, ਬਾਈਬਲ ਸਿਖਾਉਂਦੀ ਹੈ ਕਿ ਆਪਣੀ ਸਮਝ ਮੁਤਾਬਕ ਨਹੀਂ ਚੱਲਣਾ ਚਾਹੀਦਾ (ਯਿਰਮਿਯਾਹ 10:23; ਕਹਾਉਤਾਂ 14:12)। ਹੋਰ ਲੋਕ ਕੌਂਸਿਲਾਂ, ਕਨਵੈਨਸ਼ਨਾਂ ਅਤੇ ਸਿਨਡਾਂ ਵਿਚ ਯਕੀਨ ਰੱਖਦੇ ਹਨ। ਕਈ ਤਾਂ ਅਖ਼ਤਿਆਰ ਦੇ ਮਾਪ ਦੰਡ ਦੇ ਰੂਪ ਵਿਚ ਰਵਾਇਤਾਂ ਨੂੰ ਹੀ ਫੜ੍ਹੀ ਬੈਠੇ ਹਨ। ਪਰੰਪਰਾ ਜਾਂ ਰਵਾਇਤ 'ਤੇ ਹੀ ਤਾਂ ਮਸੀਹ ਨੇ ਸਭ ਤੋਂ ਜ਼ੋਰਦਾਰ ਹਮਲਾ ਕੀਤਾ ਸੀ (ਮਰਕੁਸ 7:7-9)।

ਅਸੀਂ ਕਿਹਦੇ ਕੋਲ ਜਾਈਏ? ਸਾਨੂੰ ਉਹਦੇ ਕੋਲ ਜਾਣਾ ਚਾਹੀਦਾ ਹੈ ਜਿਹਦੇ ਕੋਲ ਅਖ਼ਤਿਆਰ ਹੈ ਭਾਵ ਯਿਸੂ ਕੋਲ (ਮੱਤੀ 28:18)। ਉਹਦੇ ਕੋਲ ''ਸਾਰਾ ਅਖ਼ਤਿਆਰ'' ਹੈ। ਇਸ ਨਾਲ ਮੂਸਾ, ਦਾਊਦ, ਯੂਹੰਨਾ ਬਪਤਿਸਮਾ ਦੇਣ ਵਾਲੇ ਕਲੀਸੀਆ, ਕੌਂਸਿਲਾਂ ਜਾਂ ਅੰਤਹਕਰਨ ਲਈ ਕੋਈ ਥਾਂ ਨਹੀਂ ਰਹਿ ਜਾਂਦਾ। ਯਿਸੂ ਰਾਜੇ ਨੂੰ ਸਾਰਾ ਅਖ਼ਤਿਆਰ ਦਿੱਤਾ ਗਿਆ ਹੈ।

ਅੱਜ ਖ਼ੁਦਾ ਸਾਡੇ ਨਾਲ ਆਪਣੇ ਬੇਟੇ ਦੇ ਰਾਹੀਂ ਗੱਲ ਕਰਦਾ ਹੈ (ਇਬਰਾਨੀਆਂ 1:2)।

ਧਰਮ ਦੇ ਕਿਸੇ ਵੀ ਮਸਲੇ ਨੂੰ ਹੱਲ ਕਰਨ ਲਈ ਸਾਨੂੰ ਯਿਸੂ ਕੋਲ ਹੀ ਜਾਣਾ ਚਾਹੀਦਾ ਹੈ। ਅਸੀਂ ਕਿਸੇ ਹੋਰ 'ਤੇ ਨਿਰਭਰ ਨਹੀਂ ਰਹਿ ਸਕਦੇ। ਸਾਨੂੰ ਓਸੇ ਦੀ ਅਵਾਜ਼ ਸੁਣਨੀ ਚਾਹੀਦੀ ਹੈ ਅਤੇ ਹਰ ਧਾਰਮਿਕ ਮਾਮਲੇ ਵਿਚ ਓਸੇ ਦੀ ਗੱਲ ਨੂੰ ਆਖ਼ਰੀ ਮੰਨਣਾ ਚਾਹੀਦਾ ਹੈ।

ਰਾਜਾ ਆਪਣੀ ਇੱਛਾ ਸਾਨੂੰ ਕਿਵੇਂ ਦੱਸਦਾ ਹੈ? ਮਸੀਹ ਸਾਡੇ ਨਾਲ ਕਿਵੇਂ ਗੱਲ ਕਰਦਾ ਹੈ? ਆਪਣੇ ਏਲਚੀਆਂ ਰਾਹੀਂ (2 ਕੁਰਿੰਥੀਆਂ 5:20)। ਪੌਲੁਸ ਅਤੇ ਖ਼ੁਦਾ ਤੋਂ ਪ੍ਰੇਰਣਾ ਪਾਏ ਹੋਰ ਲੋਕ ਏਲਚੀ ਭਾਵ ਆਪਣੇ ਰਾਜੇ ਦੇ ਨੁਮਾਇੰਦੇ ਸਨ। ਉਨ੍ਹਾਂ ਨੇ ਮਸੀਹ ਦਾ ਵਚਨ ਸਾਨੂੰ ਦਿੱਤਾ ਜੋ ਉਸ ਨੇ ਉਨ੍ਹਾਂ ਨੂੰ ਪਵਿੱਤਰ ਆਤਮਾ ਦੇ ਰਾਹੀਂ ਦਿੱਤਾ ਸੀ (ਮੱਤੀ 10:20)। ਉਹ ਮਸੀਹ ਦੇ ਨੁਮਾਇੰਦੇ ਸਨ (ਯੂਹੰਨਾ 20:20-23; ਮੱਤੀ 19:28)। ਜਿਵੇਂ ਅਸੀਂ ਪਹਿਲਾਂ ਵੇਖ ਚੁਕੇ ਹਾਂ, ਉਨ੍ਹਾਂ ਨੂੰ ਸਾਰੀ ਸਚਿਆਈ ਵਿਚ ਅਗਵਾਈ ਦਿੱਤੀ ਗਈ। ਫਿਰ ਇਹ ਹੈਰਾਨੀ ਦੀ ਗੱਲ ਨਹੀਂ ਕਿ ਪਵਿੱਤਰ ਲਿਖਤ ਜੋ ਉਨ੍ਹਾਂ ਨੇ ਸਾਨੂੰ ਦਿੱਤੀ, ਆਪਣੇ ਆਪ ਵਿਚ ਅਖ਼ਤਿਆਰ ਹੋਣ ਦਾ ਦਾਅਵਾ ਕਰਦੀ ਹੈ (2 ਯੂਹੰਨਾ 9; ਗਲਾਤੀਆਂ 1:6-9; 1 ਪਤਰਸ 4:11)। ਸਾਡੀ ਗੱਲਬਾਤ ਇਵੇਂ ਹੋਣੀ ਚਾਹੀਦੀ ਹੈ ਜਿਵੇਂ ''ਪ੍ਰਮੇਸ਼ਵਰ ਦਾ ਵਚਨ'' ਹੈ।

ਯੂਹੰਨਾ ਨੇ ਨਵੇਂ ਨੇਮ ਦੀ ਕਿਤਾਬ ਦੇ ਆਖ਼ਰੀ ਪੱਤਰ ਵਿਚ, ਇਸ ਕਿਤਾਬ ਵਿਚ ਜੋੜਨ ਵਾਲਿਆਂ ਅਤੇ ਇਸ ਵਿੱਚੋਂ ਕੱਢਣ ਵਾਲਿਆਂ ਦੇ ਖ਼ਿਲਾਫ਼ ਚਿਤਾਵਨੀ ਦੇ ਕੇ ਨਵੇਂ ਨੇਮ ਦੇ ਲੇਖਕਾਂ ਦੀ ਭਾਵਨਾ ਜ਼ਾਹਰ ਕਰ ਦਿੱਤੀ (ਪ੍ਰਕਾਸ਼ ਦੀ ਪੋਥੀ 22:18, 19)। ਕਿਸੇ ਨੇ ਕਿਹਾ ਹੈ ਕਿ ਉਹ ਸਿਰਫ਼ ਪ੍ਰਕਾਸ਼ ਦੀ ਪੋਥੀ ਬਾਰੇ ਹੀ ਕਹਿ ਰਿਹਾ ਸੀ। ਜੇ ਇਹ ਪ੍ਰਕਾਸ਼ ਦੀ ਪੋਥੀ ਬਾਰੇ ਵੀ ਹੈ, ਤਾਂ ਵੀ ਇਹ ਭਾਵਨਾ ਪੂਰੀ ਬਾਈਬਲ ਲਈ ਹੈ। ਇਸ ਰਵੱਈਏ ਕਰਕੇ ਹੀ ਅਸੀਂ ਜਿੱਥੇ ਬਾਈਬਲ ਬੋਲਦੀ ਹੈ ਉੱਥੇ ਬੋਲਣ ਅਤੇ ਜਿੱਥੇ ਬਾਈਬਲ ਖ਼ਾਮੋਸ਼ ਹੈ ਉੱਥੇ ਖ਼ਾਮੋਸ਼ ਰਹਿਣ ਦੀ ਕੋਸ਼ਿਸ਼ ਕਰਦੇ ਹਾਂ। ਪਵਿੱਤਰ ਲਿਖਤ ਦਾ ਸਹੀ ਸਨਮਾਨ ਕਰਨ ਨਾਲ ਅਸੀਂ ਉਸਦਾ ਸਤਿਕਾਰ ਕਰਾਂਗੇ ਜੋ ਲਿਖਤ ਦੱਸਦੀ ਹੈ, ਬਲਕਿ ਉਹਦੇ ਖ਼ਾਮੋਸ਼ ਰਹਿਣ ਦਾ ਵੀ ਸਤਿਕਾਰ ਕਰਾਂਗੇ। ਅਸੀਂ ਇਹ ਨਹੀਂ ਪੁੱਛਾਂਗੇ ਕਿ ''ਬਾਈਬਲ ਵਿਚ ਇਹਦੀ ਮਨਾਹੀ ਕਿੱਥੇ ਕੀਤੀ ਗਈ ਹੈ?'' ਬਲਕਿ ਪੁੱਛਾਂਗੇ ਕਿ ''ਬਾਈਬਲ ਵਿਚ ਇਹਦੀ ਸਿੱਖਿਆ ਕਿੱਥੇ ਦਿੱਤੀ ਗਈ ਹੈ?'' ਇਹ ਤੱਥ, ਭਾਵ ਬਾਈਬਲ ਦੇ ਅਖ਼ਤਿਆਰ ਨੂੰ ਕਾਇਮ ਕਰਨਾ, ਵਿਖਾਉਂਦਾ ਹੈ ਕਿ ਸਾਨੂੰ ਇਹ ਗੱਲਾਂ ਕਿਤਿਓਂ ਹੋਰ ਨਹੀਂ ਮਿਲ ਸਕਦੀਆਂ।

## ਇਹਦੀ ਸ਼ਕਤੀ

ਸ਼ਾਇਦ ਕੁਝ ਲੋਕਾਂ ਵੱਲੋਂ ਵਚਨ ਦੇ ਮੁਕੰਮਲ ਹੋਣ ਅਤੇ ਅਖ਼ਤਿਆਰ ਦਾ ਅਹਿਸਾਸ ਨਾ ਕਰ ਪਾਉਣ ਦੇ ਮੁੱਖ ਕਾਰਣਾਂ ਵਿੱਚੋਂ ਇਕ ਇਹ ਹੈ ਕਿ ਉਹ ਇਹਦੀ ਸ਼ਕਤੀ ਨੂੰ ਸਮਝ ਨਹੀਂ ਪਾਏ। ਕਈਆਂ ਨੇ ਇਹਨੂੰ ''ਬੇਜਾਨ ਅੱਖਰ'' ਕਿਹਾ ਹੈ। ਇਹਦੇ ਉਲਟ, ਇਬਰਾਨੀਆਂ ਦੇ ਲੇਖਕ ਨੇ ਇਹਨੂੰ ''ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋਧਾਰੀ ਤਲਵਾਰ ਨਾਲੋਂ ਤਿੱਖਾ'' ਦੱਸਿਆ ਹੈ (ਇਬਰਾਨੀਆਂ 4:12)।

ਖ਼ੁਦਾ ਦਾ ਵਚਨ ਹਮੇਸ਼ਾ ਸ਼ਕਤੀਸ਼ਾਲੀ ਅਤੇ ਉਸ ਕੰਮ ਨੂੰ ਪੂਰਾ ਕਰਨ ਦੇ ਸਮਰੱਥ ਰਿਹਾ ਹੈ ਜੋ ਇਹ ਕਰਨਾ ਚਾਹੁੰਦਾ ਹੈ। ਉਹਦੇ ਬੋਲੇ ਜਾਣ ਨਾਲ ਸੰਸਾਰ ਹੋਂਦ ਵਿਚ ਆਇਆ। ਉਹ ਸ਼ਕਤੀ ਦੇ ਆਪਣੇ ਵਚਨ ਨਾਲ ਸਭ ਵਸਤਾਂ ਨੂੰ ਕਾਇਮ ਰੱਖਦਾ ਹੈ (ਇਬਰਾਨੀਆਂ 1:3)। ਮਸੀਹ ਬੋਲਿਆ ਅਤੇ ਮੁਰਦੇ ਜੀ ਉੱਠੇ, ਉਹਨੇ ਬੋਲ ਕੇ ਹੀ ਤੁਫ਼ਾਨ ਨੂੰ ਥੰਮ੍ਹ ਦਿੱਤਾ।

ਅਸੀਂ ਇਨਸਾਨ ਦੀਆਂ ਜ਼ਬਾਨੀ ਗੱਲਾਂ ਨਾਲੋਂ ਉਹਦੇ ਲਿਖੇ ਦਸਤਾਵੇਜ਼ਾਂ ਨੂੰ ਵੱਧ ਤਾਕਤਵਰ ਮੰਨਦੇ ਹਾਂ; ਪਰ ਖ਼ੁਦਾ ਦਾ ਲਿਖਤ ਵਚਨ ਯਕੀਨਨ ਹੀ ਉਸ ਦੇ ਜ਼ਬਾਨੀ ਵਚਨ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਉਹਦੇ ਲਿਖਤ ਵਚਨ ਨਾਲ ਸੰਸਾਰ ਦੀ ਰਚਨਾ ਨਹੀਂ ਹੁੰਦੀ, ਇਹ ਮੁਰਦਿਆਂ ਨੂੰ ਜ਼ਿੰਦਾ ਨਹੀਂ ਕਰਦਾ, ਪਰ ਇਹ ਅਜਿਹੇ ਹੀ ਮਕਸਦਾਂ ਲਈ ਲਿਖਿਆ ਗਿਆ ਸੀ। ਇਹ ਰੂਹਾਂ ਨੂੰ ਬਚਾਉਣ ਦੇ ਮਕਸਦ ਨਾਲ ਦਿੱਤਾ ਗਿਆ ਸੀ (ਰੋਮੀਆਂ 1:16; 1 ਕੁਰਿੰਥੀਆਂ 15:1, 2; ਯਾਕੂਬ 1:21)। ਜੇ ਮੁਰਦਿਆਂ ਨੂੰ ਜ਼ਿੰਦਾ ਕਰਨ ਦੇ ਮਕਸਦ ਨਾਲ ਬੋਲਿਆ ਵਚਨ ਮੁਰਦਿਆਂ ਵਿਚ ਜਾਨ ਪਾ ਸਕਦਾ ਸੀ, ਤਾਂ ਜਿਹੜਾ ਵਚਨ ਉਹਨੇ ਰੂਹਾਂ ਨੂੰ ਬਚਾਉਣ ਲਈ ਦਿੱਤਾ ਸੀ, ਉਹ ਰੂਹਾਂ ਨੂੰ ਵੀ ਬਚਾ ਸਕਦਾ ਹੈ।

ਖ਼ੁਦਾ ਦਾ ਵਚਨ ਰੌਸ਼ਨੀ ਅਤੇ ਗਿਆਨ ਦਿੰਦਾ ਹੈ (ਜ਼ਬੂਰ 119:130)। ਇਹ ਜਨਮ ਦਿੰਦਾ ਹੈ (ਯਾਕੂਬ 1:18), ਜ਼ਿੰਦਗੀ ਦਿੰਦਾ ਹੈ (ਜ਼ਬੂਰ 119:50), ਅਤੇ ਸ਼ੁੱਧ ਕਰਦਾ ਹੈ (ਯੂਹੰਨਾ 15:3; 1 ਪਤਰਸ 1:22)। ਇਹ ਮੁਕਤੀ ਵਾਸਤੇ ਖ਼ੁਦਾ ਦੀ ਸ਼ਕਤੀ ਹੈ (ਰੋਮੀਆਂ 1:16)। ਹਾਂ ਵਚਨ ਲੋਕਾਂ ਨੂੰ ਬਦਲ ਸਕਦਾ ਹੈ। ਇਹ ਲੋਕਾਂ ਨੂੰ ਮਸੀਹੀ ਬਣਾਉਣ ਲਈ ਖ਼ੁਦਾ ਦੀ ਸ਼ਕਤੀ ਹੈ। ਮਸੀਹੀ ਬਣਨ ਤੋਂ ਬਾਅਦ ਸਾਨੂੰ ਭੋਜਨ ਦੀ ਲੋੜ ਹੁੰਦੀ ਹੈ; ਅਤੇ ਖ਼ੁਦਾ ਦਾ ਵਚਨ ਹੀ ਉਹ ਭੋਜਨ ਹੈ (1 ਪਤਰਸ 2:1, 2)। ਅਸਲ ਵਿਚ ਵਚਨ ਖ਼ੁਦਾ ਦੇ ਬਾਲਕ ਨੂੰ ਸਿੱਧ ਅਤੇ ਹਰ ਭਲੇ ਕੰਮ ਲਈ ਤਿਆਰ ਕਰ ਸਕਦਾ ਹੈ (2 ਤਿਮੋਥਿਉਸ 3:16, 17)।

## ਸਾਰ

ਲੋਕ ਕਦੇ ਖ਼ੁਦਾ ਦੇ ਵਚਨ ਨਾਲ ਸੰਤੁਸ਼ਟ ਨਹੀਂ ਹੋਏ। ਉਹ ਹਮੇਸ਼ਾ ਕੁਝ ਹੋਰ ਚਾਹੁੰਦੇ ਹਨ। ਪਤਾਲ ਵਿਚ ਪਿਆ ਆਦਮੀ ਚਾਹੁੰਦਾ ਸੀ ਕਿ ਮੁਰਦਿਆਂ ਵਿੱਚੋਂ ਕੋਈ ਉਹਦੇ ਭਰਾਵਾਂ ਕੋਲ ਜਾਏ (ਲੂਕਾ 16)। ਅਬਰਾਹਾਮ ਨੇ ਜਵਾਬ ਦਿੱਤਾ, ''ਉਨ੍ਹਾਂ ਕੋਲ ਮੂਸਾ ਅਤੇ ਨਬੀ ਹਨ, ਉਹ ਉਨ੍ਹਾਂ ਦੀ ਸੁਣਨ'' (ਲੂਕਾ 16:29)। ਅੱਜ ਮੂਸਾ ਅਤੇ ਨਬੀਆਂ ਦੇ ਨਾਲ ਸਾਡੇ ਕੋਲ ਮਸੀਹ ਅਤੇ ਉਹਦੇ ਰਸੂਲਾਂ ਦੀਆਂ ਗੱਲਾਂ ਹਨ। ਸਾਨੂੰ ਉਨ੍ਹਾਂ ਦੇ ਸੰਦੇਸ਼ ਨਾਲ ਸੰਤੁਸ਼ਟ ਹੋਣਾ ਚਾਹੀਦਾ ਹੈ। ਬਾਈਬਲ ਮੁਕੰਮਲ ਹੈ, ਇਸ ਲਈ ਸਾਨੂੰ ਚਾਹੀਦਾ ਹੈ ਕਿ ਆਧੁਨਿਕ ''ਮੁਕਾਸ਼ਫ਼ੇ'' ਠੁਕਰਾ ਦਈਏ। ਬਾਈਬਲ ਹੀ ਅਖ਼ਤਿਆਰ ਹੈ; ਇਸ ਲਈ ਸਾਨੂੰ ਮਨੁੱਖਾਂ ਦੀਆਂ ਸਿੱਖਿਆਵਾਂ ਅਤੇ ਹੁਕਮਾਂ ਨੂੰ ਨਕਾਰ ਦੇਣਾ ਚਾਹੀਦਾ ਹੈ। ਖ਼ੁਦਾ ਦਾ ਵਚਨ ਸ਼ਕਤੀਸ਼ਾਲੀ ਹੈ, ਇਸ ਕਰਕੇ ਸਾਨੂੰ ''ਮਨ ਨੂੰ ਸਕੂਨ ਦੇਣ ਵਾਲੀ'' ਤਬਦੀਲੀ ਦੀਆਂ ਕ੍ਰਿਸ਼ਮਾਈ ਗੱਲਾਂ ਵੱਲ ਧਿਆਨ ਖਿੱਚੇ ਜਾਣ ਦੀ ਲੋੜ ਨਹੀਂ ਹੈ। ਸਗੋਂ ਸਾਨੂੰ ਬਦਲਾਅ ਲਈ ਨਵੇਂ ਨੇਮ ਦੇ ਨਮੂਨੇ ਨੂੰ ਫੜ੍ਹਨਾ ਚਾਹੀਦਾ ਹੈ।

ਅਸਮਾਨ ਅਤੇ ਜ਼ਮੀਨ ਦੇ ਨਾਲ-ਨਾਲ ਮਨੁੱਖਾਂ ਦੇ ਵਿਚਾਰ ਅਤੇ ਸਿੱਖਿਆਵਾਂ ਵੀ ਮਿਟ ਜਾਣਗੀਆਂ, ਪਰ ਖ਼ੁਦਾ ਦਾ ਵਚਨ ਨਹੀਂ (2 ਪਤਰਸ 3:10; ਮੱਤੀ 24:35)। ਅੱਜ ਦੇ ਤੇਜ਼ੀ ਨਾਲ ਬਦਲਣ ਵਾਲੇ ਇਸ ਯੁੱਗ ਵਿਚ ਇਹ ਜਾਣਨਾ ਕਿੰਨਾ ਸਕੂਨ ਦੇਣ ਵਾਲਾ ਹੈ ਕਿ ਅਸੀਂ ਉਸ 'ਤੇ ਆਪਣਾ ਲੰਗਰ ਸੁੱਟ ਸਕਦੇ ਹਾਂ ਜੋ ਹਮੇਸ਼ਾ ਕਾਇਮ ਰਹੇਗਾ ਜਦ ਕਿ ਹੋਰ ਸਭ ਚੀਜ਼ਾਂ ਅੱਗ ਦੇ ਵੱਡੇ ਤਾਅ ਨਾਲ ਪਿਘਲ ਜਾਣਗੀਆਂ!